PATIALA

# ਪਟਿਆਲਾ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ, ਪਟਿਆਲਾ

## ਥੋੜੇ ਸਮੇਂ ਦਾ ਬਿੱਡ ਨੋਟਿਸ

ਪ੍ਰਸਿੱਧ ਫਰਮਾਂ/ਠੇਕੇਦਾਰਾਂ ਜੋ ਦਰੱਖਤਾਂ ਨੂੰ ਪੁੱਟਣ ਦੇ ਕੰਮ ਵਿੱਚ ਚੰਗਾ ਤਜ਼ਰਬਾ ਰੱਖਦੇ ਹੋਣ ਅਤੇ ਦਰੱਖਤਾਂ ਨੂੰ ਪੁੱਟਣ ਲਈ ਆਪਣਾ ਸਾਜੋ ਸਮਾਨ ਰੱਖਦੇ ਹੋਣ ਤੋਂ (ਜਿਵੇਂ ਹੈ ਜਿੱਥੇ ਹੈ), ਦੇ ਅਧਾਰ ਤੇ ਹੇਠ ਲਿਖੇ ਕੰਮ ਲਈ ਸੀਲ ਬੰਦ ਬਿਡਜ਼ ਦੀ ਮੰਗ ਕੀਤੀ ਜਾਂਦੀ ਹੈ । ਇਹ ਬਿਡਜ਼ ਮਿਤੀ 12–06–2017 ਨੂੰ ਬਾਅਦ ਦਪਹਿਰ 3:00 ਵਜੇ ਤੱਕ ਪ੍ਰਾਪਤ ਕੀਤੀ ਜਾਵੇਗੀ ਅਤੇ ਹਾਜ਼ਰ ਬਿਡਰਜ਼ ਜਾਂ ਉਹਨਾਂ ਦੇ ਅਧਿਕਾਰਤ ਪ੍ਰਤੀਨਿਧੀਆਂ, ਜੋ ਹਾਜ਼ਰ ਹੋਣਾ ਚਾਹੁਣਗੇ, ਦੀ ਹਾਜ਼ਰੀ ਵਿੱਚ, ਉਸੇ ਸਮੇਂ ਖੋਲੀਆਂ ਜਾਣਗੀਆਂ :–

| ਲੜੀ ਨੰ | ਕੰਮ ਦਾ ਨਾਂ | ਦਰੱਖਤਾਂ ਦੀ ਗਿਣਤੀ | ਬਿੱਡ ਲਾਗਤ (ਲੱਖਾਂ ਵਿੱਚ) | ਬਿਆਨਾਂ ਰਕਮ (ਰੁ: ਵਿੱਚ) | ਸਮਾਂ ਸੀਮਾਂ |
|---|---|---|---|---|---|
| 1 | ਰਾਜਪੁਰਾ ਕਲੋਨੀ ਪਟਿਆਲਾ 53 ਏਕੜ ਸਾਈਟ ਤੇ ਖੜ੍ਹੇ ਪੁਰਾਣੇ ਦਰਖਤਾਂ ਨੂੰ ਪੁੱਟਣਾ, ਕੱਟਣਾ, ਛੰਗਾਈ, ਸਟੈਕਿੰਗ ਅਤੇ ਲੱਕੜ ਮੰਡੀ ਪਟਿਆਲਾ ਤੱਕ ਢੋਆ–ਢੁਆਈ ਕਰਨਾ । | 714 ਨੰਬਰ | 5.28 | 10560/– | ਪੁੱਟਣ ਦਾ ਕੰਮ 17-6-17 ਤੱਕ |

ਸ਼ਰਤਾਂ :–

1. ਬਿਆਨਾਂ ਰਕਮ ਕੇਵਲ ਮੰਡਲ ਇੰਜੀਨੀਅਰ(ਸਿਵਲ), ਪੁੱਡਾ ਪਟਿਆਲਾ ਦੇ ਪੱਖ ਵਿੱਚ ਪਟਿਆਲਾ ਵਿਖੇ ਅਦਾਇਗੀ ਯੋਗ ਡਿਮਾਂਡ ਡਰਾਫਟ ਦੇ ਰੂਪ ਵਿੱਚ ਸਵੀਕਾਰੀ ਜਾਵੇਗੀ ।
2. ਕੱਟੇ ਜਾਣ ਵਾਲੇ ਦਰਖਤਾਂ ਤੋਂ ਪ੍ਰਾਪਤ ਹੋਣ ਵਾਲੀ ਲੱਕੜੀ ਅਤੇ ਛਾਂਗ ਪੁੱਡਾ ਦੀ ਹੋਵੇਗੀ । ਠੇਕੇਦਾਰ ਨੂੰ ਸਿਰਫ ਦਰਖਤ ਪੁੱਟਣ, ਕੱਟਣ, ਛੰਗਾਈ, ਸਟੈਕਿੰਗ ਅਤੇ ਲੱਕੜ ਦੀ ਲੱਕੜ ਮੰਡੀ ਪਟਿਆਲਾ ਤੱਕ ਢੋਆ–ਢੋਆਈ ਕਰਨ ਦੀ ਸਮਰੱਥ ਅਧਿਕਾਰੀ ਵੱਲੋਂ ਪ੍ਰਵਾਨ ਹੋਈ ਬਿੱਡ ਮੁਤਾਬਿਕ ਅਦਾਇਗੀ ਕੀਤੀ ਜਾਵੇਗੀ ।
3. ਦਰੱਖਤ ਕਿਸੇ ਵੀ ਕੰਮ ਵਾਲੇ ਦਿਨ ਨੂੰ ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ ਦੇਖੇ ਜਾ ਸਕਦੇ ਹਨ । ਇਹਨਾਂ ਦਰਖਤਾਂ ਸਬੰਧੀ ਕੋਈ ਵੀ ਜਾਣਕਾਰੀ ਲਈ ਸ. ਬਲਵਿੰਦਰ ਸਿੰਘ, ਉੱਪ ਮੰਡਲ ਇੰਜੀਨੀਅਰ(ਬਾਗਬਾਨੀ) ਪੁੱਡਾ ਪਟਿਆਲਾ ਮੋਬਾਇਲ ਨੰਬਰ 98158–98334 ਅਤੇ ਸ੍ਰੀ ਅਮਨਦੀਪ ਸਿੰਘ, ਜੂਨੀਅਰ ਇੰਜੀਨੀਅਰ (ਬਾਗਬਾਨੀ) ਪੁੱਡਾ ਪਟਿਆਲਾ ਮੋਬਾਇਲ ਨੰ 81948–15000 ਨਾਲ ਤਾਲਮੇਲ ਕੀਤਾ ਜਾ ਸਕਦਾ ਹੈ ।
4. ਠੇਕੇਦਾਰ/ਫਰਮ ਅਲਾਟਮੈਂਟ ਆਰਡਰ ਦੇ ਜਾਰੀ ਹੋਣ ਤੇ ਠੇਕੇਦਾਰ ਵੱਲੋਂ 17–6–2017 ਤੱਕ ਦਰਖਤਾਂ ਨੂੰ ਪੁੱਟਣਾ ਅਤੇ ਮਿਤੀ 15–7–2017 ਤੱਕ ਦਰਖਤ ਕੱਟ ਕੇ ਲੱਕੜੀ ਸਟੈਕ ਕਰਨਾ ਲਾਜਮੀ ਹੋਵੇਗਾ ।
5. ਇਹ ਜਰੂਰੀ ਹੋਵੇਗਾ ਕਿ ਠੇਕੇਦਾਰ ਸਾਰੇ ਦਰਖਤ ਜੜ੍ਹਾਂ ਸਮੇਤ ਕੱਢੇਗਾ ਅਤੇ ਜਿਹੜੇ ਟੋਏ ਪੈਣਗੇ ਉਸ ਵਿੱਚ ਮਿੱਟੀ ਪਾ ਕੇ ਪੱਧਰੀ ਕਰੇਗਾ ।
6. ਜੇਕਰ ਠੇਕੇਦਾਰ 5 ਦਿਨਾਂ ਦੇ ਅੰਦਰ–ਅੰਦਰ ਇਹ ਕੰਮ ਮੁਕੰਮਲ ਕਰਨ ਵਿੱਚ ਅਯੋਗ ਰਹਿੰਦਾ ਹੈ ਤਾਂ ਅਗਲੇ 5 ਦਿਨਾਂ ਲਈ ਰਕਮ 1000/– ਰੁਪਏ ਪ੍ਰਤੀ ਦਿਨ ਜੁਰਮਾਨਾਂ ਅਤੇ 10 ਦਿਨਾਂ ਦੀ ਹੋਰ ਦੇਰੀ ਲਈ ਰਕਮ 2000/– ਰੁਪਏ ਪ੍ਰਤੀ ਦਿਨ ਜੁਰਮਾਨਾਂ ਲਗਾਇਆ ਜਾਵੇਗਾ ਅਤੇ ਇਸ ਸਮੇਂ ਦੀ ਮਿਆਦ ਪੁੱਗਣ ਤੋਂ ਬਾਅਦ ਕੰਮ ਠੇਕੇਦਾਰ/ਫਰਮ ਦੀ ਲਾਗਤ ਤੇ ਨੇਪਰੇ ਚਾੜ੍ਹਿਆ ਜਾਵੇਗਾ ਅਤੇ ਇਸ ਮਾਮਲੇ ਵਿੱਚ ਪੁੱਡਾ ਠੇਕੇਦਾਰ/ਫਰਮ ਤੋਂ ਲਾਗਤ ਦੀ ਵਸੂਲੀ ਕਰਨ ਲਈ ਅਜ਼ਾਦ ਹੋਵੇਗਾ ।
7. ਦਰੱਖਤਾਂ ਦੇ ਪੁੱਟਣ ਦੌਰਾਨ ਕੋਈ ਖਜ਼ਾਨਾਂ ਲੱਭਾ ਤਾਂ ਉਹ ਸਰਕਾਰ ਦੀ ਤਰਫੋਂ ਪੁੱਡਾ ਦੀ ਇੱਕ ਮਾਤਰ ਪ੍ਰਾਪਰਟੀ ਹੋਵੇਗੀ ।
8. ਠੇਕੇਦਾਰ/ਫਰਮ ਇਹ ਯਕੀਨੀ ਬਣਾਉਣਗੇ ਕਿ ਦਰੱਖਤ ਪੁੱਟਣ ਦੌਰਾਨ ਲੋੜੀਂਦੀਆਂ ਸੁਰੱਖਿਆ ਸਾਵਧਾਨੀਆਂ ਵੀ ਵਰਤੀਆਂ ਜਾਣਗੀਆਂ ।
9. ਠੇਕੇਦਾਰ/ਫਰਮ ਨੂੰ ਪੁੱਡਾ ਦੀ ਤਰਫੋਂ ਮੰਡਲ ਇੰਜੀਨੀਅਰ(ਸਿਵਲ), ਪੁੱਡਾ ਪਟਿਆਲਾ ਦੇ ਕੋਲ ਪ੍ਰਵਾਨਗੀ ਪੱਤਰ ਦੇ ਜਾਰੀ ਹੋਣ ਦੇ 7 ਦਿਨਾਂ ਦੇ ਅੰਦਰ ਨਿਰਧਾਰਤ ਫਾਰਮ ਵਿੱਚ ਐਗਰੀਮੈਂਟ ਅਮਲ ਵਿੱਚ ਲਿਆਉਣਾ ਹੋਵੇਗਾ ।

ਮੰਡਲ ਇੰਜੀਨੀਅਰ (ਸਿਵਲ),
ਪੁੱਡਾ ਪਟਿਆਲਾ ।
8/6/17